**ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ**

**ਵਣ ਭਵਨ, ਸੈਕਟਰ-68, ਐਸ.ਏ.ਐਸ. ਨਗਰ**

# <u>ਜਨਤਕ ਨੋਟਿਸ</u>

ਅਧੀਨ ਸੇਵਾਵਾ ਚੋਣ ਬੋਰਡ, ਪੰਜਾਬ ਵੱਲੋਂ ਇਸ਼ਤਿਹਾਰ 13 ਆਫ 2025 ਅਧੀਨ ਪੰਜਾਬ ਸਰਕਾਰ, ਡਾਇਰੈਕਟੋਰੇਟ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ (ਉਦਯੋਗਿਕ ਸਿਖਲਾਈ ਵਿੰਗ) ਦੇ ਸੁਪਰਡੰਟ ਕਮ ਪੀ.ਟੀ.ਆਈ ਦੀਆਂ ਗਰੁੱਪ-ਸੀ ਅਸਾਮੀਆਂ ਦੀ ਸਿੱਧੀ ਭਰਤੀ ਲਈ ਲਿਖਤੀ ਪ੍ਰੀਖਿਆ ਮਿਤੀ 28.02.2026 ਨੂੰ ਕਰਵਾਈ ਜਾ ਰਹੀ ਹੈ। ਦਿਵਿਆਂਗਜਨ (Physical Handicapped) ਦੀ ਕੈਟਾਗਰੀ ਵਿੱਚ ਅਪਲਾਈ ਕਰਨ ਵਾਲੇ ਉਮੀਦਵਾਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਮਿਤੀ 28.02.2026 ਨੂੰ ਲਈ ਜਾਣ ਵਾਲੀ ਲਿਖਤੀ ਪ੍ਰੀਖਿਆ ਵਿੱਚ ਸਿਰਫ ਉਨ੍ਹਾਂ ਉਮੀਦਵਾਰਾਂ ਨੂੰ ਹੀ Scribe ਲੈਣ ਦੀ ਆਗਿਆ ਦਿੱਤੀ ਜਾਵੇਗੀ, ਜਿਹੜੇ ਉਮੀਦਵਾਰ ਅਪਣੀ ਪ੍ਰਤੀ ਬੇਨਤੀ, Government of India, Ministry of Social Justice & Empowerment, Department of Empowerment of Persons with Disabilities (Divyangjan), F.No 34-02/2015-DD-III dated 29-Aug-2018 ਅਤੇ ਸਮੇਂ ਸਮੇਂ ਤੇ ਹੋਣ ਵਾਲੀਆਂ ਸੋਧਾਂ ਵਿੱਚ ਦਰਜ ਹਦਾਇਤਾਂ ਅਨੁਸਾਰ ਨਿਰਧਾਰਿਤ ਪ੍ਰੋਫਾਰਮੇ (Annexure-A) (ਸਮਰੱਥ ਅਧਿਕਾਰੀ ਵੱਲੋਂ ਜਾਰੀ ਕੀਤਾ ਸਰਟੀਫਿਕੇਟ) ਅਤੇ Annexure-B (Scribe ਦੀ ਵਿਦਿਅਕ ਯੋਗਤਾ ਸਬੰਧੀ Undertaking) ਅਤੇ Annexure- 'C' (ਦਸਤਾਵੇਜਾਂ ਦੀ ਸੂਚੀ) ਅਨੁਸਾਰ ਹਰ ਪੱਖੋ ਮੁਕੰਮਲ ਕਰਦੇ ਹੋਏ secy.sssb@gmail.com ਤੇ ਈਮੇਲ ਕਰਦੇ ਹੋਏ ਮਿਤੀ 27.02.2026 ਸਮਾਂ ਸ਼ਾਮ 04.00 ਵਜੇ ਤੱਕ ਬੋਰਡ ਦੇ ਦਫਤਰ ਵਿਖੇ ਅਸਲ ਮੁਕੰਮਲ ਪ੍ਰਫਾਰਮਾ ਦੱਸਤੀ ਪੇਸ਼ ਕਰਨਗੇ। ਇਸ ਮਿਤੀ ਤੋਂ ਬਾਅਦ ਪ੍ਰਾਪਤ ਹੋਈਆਂ ਪ੍ਰਤੀਬੇਨਤੀਆਂ ਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ। ਪ੍ਰੀਖਿਆ ਕੇਂਦਰ ਵਿੱਚ ਸਿੱਧੇ ਤੌਰ ਤੇ Scribe ਦੀ ਮੰਗ ਕਰਨ ਵਾਲੇ ਉਮੀਦਵਾਰਾਂ ਨੂੰ ਅਜਿਹੀ ਕੋਈ ਸਹੂਲਤ ਨਹੀਂ ਦਿੱਤੀ ਜਾਵੇਗੀ।

ਉਕਤ ਤੋਂ ਇਲਾਵਾ ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ Scribe ਲੈਣ ਸਬੰਧੀ ਪ੍ਰਤੀ ਬੇਨਤੀ ਵਿੱਚ ਦਰਜ ਤੱਥ ਅਤੇ ਨਾਲ ਨੱਥੀ ਦਸਤਾਵੇਜਾਂ ਵਿਚੋਂ ਜੇਕਰ ਕੋਈ ਤੱਥ/ ਦਸਤਾਵੇਜ ਕਿਸੇ ਵੀ ਸਟੇਜ ਤੇ ਗਲਤ ਪਾਇਆ ਜਾਂਦਾ ਹੈ ਤਾਂ ਉਮੀਦਵਾਰ ਦੀ ਪਾਤਰਤਾ ਰੱਦ ਕਰਦੇ ਹੋਏ ਦੋਵੇਂ ਵਿਅਕਤੀਆਂ (ਉਮੀਦਵਾਰ ਅਤੇ Scribe) ਵਿਰੁੱਧ ਬਣਦੀ ਕਾਨੂੰਨੀ ਕਾਰਵਾਈ ਆਰੰਭੀ ਜਾਵੇਗੀ।

ਸਹੀ/-

ਸਹਾਇਕ ਡਾਇਰੈਕਟਰ

ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ।

ਮਿਤੀ: 25.02.2026

ਸਥਾਨ: ਐਸ.ਏ.ਐਸ. ਨਗਰ।

ਨੰ:13/1/2018-3ਪੀਪੀ2/240

ਪੰਜਾਬ ਸਰਕਾਰ

ਪ੍ਰਸੋਨਲ ਵਿਭਾਗ

(ਪ੍ਰਸੋਨਲ ਪਾਲਿਸੀ-2 ਸਾਖਾ)

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਡਵੀਜਨਾਂ ਦੇ ਕਮਿਸਨਰਜ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ,
ਸਮੂਹ ਜਿਲ੍ਹਾ ਅਤੇ ਸੈਸਨਜ ਜੱਜ,
ਪੰਜਾਬ ਰਾਜ ਦੇ ਸਮੂਹ ਡਿਪਟੀ ਕਮਿਸਨਰਜ ਅਤੇ
ਸਮੂਹ ਉਪ ਮੰਡਲ ਅਫਸਰ (ਸਿਵਲ)।

ਮਿਤੀ, ਚੰਡੀਗੜ੍ਹ: 29.8.2018

ਵਿਸ਼ਾ:- ਅੰਗਹੀਣ ਉਮੀਦਵਾਰਾਂ ਨੂੰ ਟਾਈਪ ਟੈਸਟ ਦੀ ਨਿਪੁੰਨਤਾ ਵਿੱਚ ਛੋਟ/ਵਾਧੂ ਸਮਾਂ ਦੇਣ ਸਬੰਧੀ।

*****

ਸ੍ਰੀਮਾਨ/ਸ੍ਰੀਮਤੀ ਜੀ,

ਉਪਰੋਕਤ ਵਿਸੇ ਸਬੰਧੀ ਮੈਨੂੰ ਆਪ ਦਾ ਧਿਆਨ ਪੰਜਾਬ ਸਰਕਾਰ, ਪ੍ਰਸੋਨਲ ਵਿਭਾਗ ਵੱਲੋਂ ਜਾਰੀ ਹਦਾਇਤਾਂ ਨੰ:4/17/79-1ਪੀ.ਪੀ./13274, ਮਿਤੀ 01.10.1985 ਅਤੇ ਹਦਾਇਤਾਂ ਨੰ:15/1/89-1ਪੀਪੀ2/19778, ਮਿਤੀ 2.11.89 ਵੱਲ ਦਿਵਾਉਣ ਦੀ ਹਦਾਇਤ ਹੋਈ ਹੈ, ਜਿਹਨਾਂ ਰਾਹੀਂ ਉਹਨਾਂ ਅੰਗਹੀਣ ਵਿਅਕਤੀਆਂ ਨੂੰ ਟਾਈਪਿੰਗ ਦੀ ਨਿਪੁੰਨਤਾ ਵਿੱਚ ਛੋਟ ਦਿੱਤੀ ਗਈ ਹੈ, ਜਿੱਥੇ ਸਿਵਲ ਸਰਜਨ ਵੱਲੋਂ ਤਸਦੀਕ ਕੀਤਾ ਹੋਵੇ ਕਿ ਉਮੀਦਵਾਰ ਜਿਸਮਾਨੀ ਤੌਰ ਤੇ ਟਾਈਪ ਕਰਨ ਵਿੱਚ ਅਸਮਰੱਥ ਹੈ।

2. ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਤੋਂ ਪ੍ਰਾਪਤ ਸਲਾਹ ਦੇ ਮੱਦੇਨਜਰ ਸਰਕਾਰ ਵੱਲੋਂ ਉਪਰੋਕਤ ਹਦਾਇਤਾਂ ਨੂੰ ਮੁੜ ਦੁਹਰਾਉਂਦੇ ਹੋਏ ਇਹ ਵੀ ਫੈਸਲਾ ਲਿਆ ਗਿਆ ਹੈ ਕਿ ਜਿਹੜੇ ਅੰਗਹੀਣ ਵਿਅਕਤੀਆਂ ਨੂੰ ਉਕਤ ਹਦਾਇਤਾਂ ਅਨੁਸਾਰ ਟਾਈਪਿੰਗ ਦੀ ਨਿਪੁੰਨਤਾ ਤੋਂ ਮੁਕੰਮਲ ਛੋਟ ਨਹੀਂ ਮਿਲ ਸਕਦੀ ਹੈ (ਪਰ ਉਹ ਟਾਈਪ ਕਰ ਸਕਦੇ ਹਨ), ਉਹਨਾਂ ਨੂੰ ਟਾਈਪ ਟੈਸਟ ਵਿੱਚ ਹਰ 10 ਮਿੰਟਾਂ ਦੇ ਟੈਸਟ ਸਮੇਂ ਪਿੱਛੇ 3 ਮਿੰਟ ਅਤੇ 20 ਸੈਕਿੰਡ ਦਾ ਵਾਧੂ ਸਮਾਂ ਦਿੱਤਾ ਜਾਵੇਗਾ।

3. ਇਹਨਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨਾ ਯਕੀਨੀ ਬਣਾਇਆ ਜਾਵੇ।

ਵਿਸਵਾਸਪਾਤਰ

H Sahat

ਉਪ ਸਕੱਤਰ ਪ੍ਰਸੋਨਲ

ਇਸ ਦਾ ਇੱਕ ਉਤਾਰਾ ਸਮੂਹ ਵਿਸ਼ੇਸ਼ ਮੁੱਖ ਸਕੱਤਰ/ਵਧੀਕ ਮੁੱਖ ਸਕੱਤਰ/ਵਿੱਤੀ ਕਮਿਸ਼ਨਰ/ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਕਰਨ ਹਿੱਤ ਭੇਜਿਆ ਜਾਂਦਾ ਹੈ।

Sahat
ਉਪ ਸਕੱਤਰ ਪ੍ਰਸੋਨਲ

ਸੇਵਾ ਵਿਖੇ

ਸਮੂਹ ਵਿਸ਼ੇਸ਼ ਮੁੱਖ ਸਕੱਤਰ/ ਵਧੀਕ ਮੁੱਖ ਸਕੱਤਰ/ਵਿੱਤੀ ਕਮਿਸ਼ਨਰ/
ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅੰ.ਵਿ.ਪੱ.ਨੰ:13/1/2018-3ਪੀਪੀ2/241 ਮਿਤੀ, ਚੰਡੀਗੜ੍ਹ: 29.8.2018

**Certificate regarding physical limitation in an examinee to write**

This is to certify that, I have examined Mr/Ms/Mrs ------------- ---------- (name of the candidate with disability), a person with ---------------------------- ---------(nature and percentage of disability as mentioned in the certificate of disability), S/o/D/o --------------------------a resident of ----------------- (Village/ District/State)----------------------------------------- and to state that he/she has physical limitation which hampers his/her writing capabilities owing *to* his/her disability.

Signature
Chief Medical Officer/ Civil Surgeon/ Medical
Superintendent of a Government Health Care Institution

Name & Designation.
Name of Government Hospital/ Health Care Centre with Seal

Place:
Date:

**Note:** Certificate should be given by a specialist of the relevant stream/ disability (eg, Visual impairment - Ophthalmologist, Locomotor disability - Prthopaedic specialist/ PMR).

Annexure-B

## Letter of Undertaking for Using Own Scribe

I----------------- a candidate with ---------------- (name of the disability) appearing for the examination bearing Roll No.---------- at-------------------(name of the centre) in the District _______ (name of the State). ---------------------------------------------
My qualification is ---------------------.

I do hereby state that -----------------------{name of the scribe) will provide the service of scribe/ reader for the undersigned for taking the aforesaid examination.

I do hereby undertake that his qualification is ---------------. In case, subsequently it is found that his qualification is not as declared by the undersigned and is beyond my qualification, I shall forfeit my right to the post and claims relating thereto.

(Signature of the candidate with Disability)

Place:

Date:

<u>Annexure-C</u>

## ਉਮੀਦਵਾਰ ਵੱਲੋਂ ਆਪਣੀ ਪ੍ਰਤੀ ਬੇਨਤੀ ਨਾਲ ਨੱਥੀ ਕੀਤੇ ਜਾਣ ਵਾਲੇ ਦਸਤਾਵੇਜ਼ਾਂ ਦੀ ਸੂਚੀ

1. Scribe ਲੈਣ ਸਬੰਧੀ ਪ੍ਰਤੀ ਬੇਨਤੀ।
2. Annexure-A ਅਨੁਸਾਰ ਸਮਰੱਥ ਅਧਿਕਾਰੀ ਵੱਲੋਂ ਜਾਰੀ ਕੀਤਾ ਹੋਇਆ ਸਰਟੀਫਿਕੇਟ ।
3. ਸਮਰੱਥ ਅਧਿਕਾਰੀ ਵੱਲੋਂ ਜਾਰੀ ਕੀਤਾ ਹੋਇਆ Disability Certificate.
4. Annexure-B ਅਨੁਸਾਰ ਉਮੀਦਵਾਰ ਵੱਲੋਂ Undertaking.
5. Scribe ਦੀ ਜਨਮ ਮਿਤੀ ਅਤੇ ਸਬੂਤ ਵਜੋਂ ਮੈਟਰਿਕ ਦੇ ਸਰਟੀਫਿਕੇਟ ਦੀ ਕਾਪੀ।
6. Scribe ਦੀ ਵਿਦਿਅਕ ਯੋਗਤਾ ਦੇ ਸਬੂਤ ਵਜੋਂ ਆਖਰੀ ਪ੍ਰਾਪਤ ਕੀਤੀ ਵਿਦਿਅਕ ਯੋਗਤਾ ਸੰਬਧੀ ਦਸਤਾਵੇਜ।
7. Scribe ਦਾ ਸ਼ਨਾਖਤੀ ਸਬੂਤ ਵਜੋਂ ਅਧਾਰ ਕਰਡ/ਪੈਨ ਕਾਰਡ/ਡਰਾਇਵਿੰਗ ਲਾਇਸੰਸ ਆਦਿ ਵਿਚੋਂ ਕਿਸੇ ਇਕ ਦੀ ਕਾਪੀ ।
8. ਉਮੀਦਵਾਰ ਵੱਲੋਂ ਅਸਾਮੀ ਲਈ ਅਪਲਾਈ ਕੀਤੇ ਐਪਲੀਕੇਸ਼ਨ ਫਾਰਮ ਦੀ ਕਾਪੀ।

ਨੋਟ:- **Scribe ਲੈਣ ਸੰਬਧੀ ਪ੍ਰਤੀਬੇਨਤੀ ਵਿੱਚ ਦਰਜ ਤੱਥ ਅਤੇ ਨਾਲ ਨੱਥੀ ਦਸਤਾਵੇਜਾਂ ਵਿਚੋਂ ਜੇਕਰ ਕੋਈ ਤੱਥ/ ਦਸਤਾਵੇਜ ਕਿਸੇ ਵੀ ਸਟੇਜ ਤੇ ਗਲਤ ਪਾਇਆ ਜਾਂਦਾ ਹੈ ਤਾਂ ਉਮੀਦਵਾਰ ਦੀ ਪਾਤਰਤਾ ਰੱਦ ਕਰਦੇ ਹੋਏ ਦੋਵੇ ਵਿਅਕਤੀਆਂ (ਉਮੀਦਵਾਰ ਅਤੇ Scribe)ਵਿਰੁੱਧ ਕਾਨੂੰਨੀ ਕਾਰਵਾਈ ਆਰੰਭ ਦਿੱਤੀ ਜਾਵੇਗੀ।**